ਮਿੱਠੇ ਬੱਚੇ:- ਆਤਮ ਅਭਿਮਾਨੀ ਹੋ ਕੇ ਬੈਠੋ , ਅੰਦਰ ਘੋਟਦੇ ਰਹੋ - ਮੈਂ ਆਤਮਾ ਹਾਂ ... ਦੇਹੀ - ਅਭਿਮਾਨੀ ਬਣੋ , ਸੱਚਾ ਚਾਰਟ ਰੱਖੋ ਤਾਂ ਸਮਝਦਾਰ ਬਣਦੇ ਜਾਓਗੇ , ਬਹੁਤ ਫਾਇਦਾ ਹੋਵੇਗਾ। "

ਪ੍ਰਸ਼ਨ:- ਬੇਹੱਦ ਦੇ ਨਾਟਕ ਨੂੰ ਸਮਝਣ ਵਾਲੇ ਬੱਚੇ ਕਿਸ ਇੱਕ ਲਾਅ (ਨਿਯਮ) ਨੂੰ ਚੰਗੀ ਤਰ੍ਹਾਂ ਸਮਝਦੇ ਹਨ ?

ਉੱਤਰ:- ਇਹ ਅਵਿਨਾਸ਼ੀ ਨਾਟਕ ਹੈ, ਇਸ ਵਿੱਚ ਹਰ ਇੱਕ ਪਾਰ੍ਟਧਾਰੀ ਨੂੰ ਪਾਰ੍ਟ ਵਜਾਉਣਾ ਹੈ ਆਪਣੇ ਸਮੇਂ ਤੇ ਆਉਣਾ ਹੀ ਹੈ। ਕੋਈ ਕਹੇ ਅਸੀਂ ਹਮੇਸ਼ਾ ਸ਼ਾਂਤੀਧਾਮ ਵਿੱਚ ਹੀ ਬੈਠ ਜਾਈਏ - ਤਾਂ ਇੱਥੇ ਲਾ ਨਹੀਂ ਹੈ। ਉਸ ਨੂੰ ਪਾਰ੍ਟਧਾਰੀ ਹੀ ਨਹੀਂ ਕਹਾਂਗੇ। ਇਹ ਬੇਹੱਦ ਦੀਆਂ ਗੱਲਾਂ ਬੇਹੱਦ ਦਾ ਬਾਪ ਹੀ ਤੁਹਾਨੂੰ ਸੁਣਾਉਂਦੇ

ਓਮ ਸ਼ਾਂਤੀ। ਆਪਣੇ ਨੂੰ ਆਤਮਾ ਸਮਝਕੇ ਬੈਠੋ। ਦੇਹ - ਅਭਿਮਾਨ ਛੱਡ ਕੇ ਬੈਠੋ। ਬੇਹੱਦ ਦਾ ਬਾਪ ਬੱਚਿਆਂ ਨੂੰ ਸਮਝਾ ਰਹੇ ਹਨ। ਸਮਝਾਇਆ ਉਨ੍ਹਾਂ ਨੂੰ ਜਾਂਦਾ ਹੈ ਜੋ ਬੇਸਮਝ ਹੁੰਦੇ ਹਨ। ਆਤਮਾ ਸਮਝਦੀ ਹੈ ਕਿ ਬਾਪ ਸੱਚ ਕਹਿੰਦੇ ਹਨ - ਮੈਂ ਆਤਮਾ ਬੇਸਮਝ ਬਣ ਗਈ ਹਾਂ। ਮੈ ਆਤਮਾ ਅਵਿਨਾਸ਼ੀ ਹਾਂ, ਸ਼ਰੀਰ ਵਿਨਾਸ਼ੀ ਹੈ। ਮੈਂ ਆਤਮ - ਅਭਿਮਾਨ ਛੱਡ ਦੇਹ - ਅਭਿਮਾਨ ਵਿੱਚ ਫੱਸ ਪਿਆ ਹਾਂ। ਤਾਂ ਬੇਸਮਝ ਠਹਿਰੇ ਨਾ। ਬਾਪ ਕਹਿੰਦੇ ਹਨ ਸਭ ਬੱਚੇ ਬੇਸਮਝ ਹੋਏ ਪਏ ਹਨ, ਦੇਹ - ਅਭਿਮਾਨ ਵਿੱਚ ਆਕੇ। ਫਿਰ ਤੁਸੀਂ ਬਾਪ ਦੁਆਰਾ ਦੇਹੀ - ਅਭਿਮਾਨੀ ਬਣਦੇ ਹੋ ਤਾਂ ਬਿਲਕੁਲ ਸਮਝਦਾਰ ਬਣ ਜਾਂਦੇ ਹੋ। ਕਈ ਤਾਂ ਬਣ ਗਏ ਹਨ, ਕਈ ਪੁਰਸ਼ਾਰਥ ਕਰਦੇ ਰਹਿੰਦੇ ਹਨ। ਅੱਧਾਕਲਪ ਲੱਗਿਆ ਹੈ ਬੇਸਮਝ ਬਣਨ ਵਿੱਚ। ਇਸ ਅੰਤਿਮ ਜਨਮ ਵਿੱਚ ਫਿਰ ਸਮਝਦਾਰ ਬਣਨਾ ਹੈ। ਅੱਧਾਕਲਪ ਵਿੱਚ ਬੇਸਮਝ ਹੁੰਦੇ - ਹੁੰਦੇ 100 ਪ੍ਰਤੀਸ਼ਤ ਬੇਸਮਝ ਬਣ ਜਾਂਦੇ ਹਨ। ਦੇਹ - ਅਭਿਮਾਨ ਵਿੱਚ ਆਕੇ ਡਰਾਮਾ ਪਲਾਨ ਅਨੁਸਾਰ ਤੁਸੀਂ ਡਿੱਗਦੇ ਆਏ ਹੋ। ਹੁਣ ਤੁਹਾਨੂੰ ਸਮਝ ਮਿਲੀ ਹੈ ਫਿਰ ਵੀ ਪੁਰਸ਼ਾਰਥ ਬਹੁਤ ਕਰਨਾ ਹੈ ਕਿਓਂਕਿ ਬੱਚਿਆਂ ਵਿੱਚ ਦੈਵੀਗੁਣ ਵੀ ਚਾਹੀਦੇ ਹਨ। ਬੱਚੇ ਜਾਣਦੇ ਹਨ ਅਸੀਂ ਸ੍ਵਗੁਣ ਸੰਪੰਨ, 16 ਕਲਾ ਸੰਪੂਰਨ…ਸੀ। ਫਿਰ ਇਸ ਸਮੇਂ ਨਿਰਗੁਣ ਬਣ ਪਏ ਹਨ। ਕੋਈ ਵੀ ਗੁਣ ਨਹੀਂ ਰਿਹਾ ਹੈ। ਤੁਸੀਂ ਬੱਚਿਆਂ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਇਸ ਖੇਡ ਨੂੰ ਸਮਝਦੇ ਹਨ। ਸਮਝਦੇ - ਸਮਝਦੇ ਵੀ ਕਿੰਨੇ ਵਰ੍ਹੇ ਹੋ ਗਏ ਹਨ। ਫਿਰ ਵੀ ਜੋ ਨਵੇਂ ਹਨ ਉਹ ਚੰਗੇ ਸਮਝਦਾਰ ਬਣਦੇ ਜਾਂਦੇ ਹਨ। ਹੋਰਾਂ ਨੂੰ ਵੀ ਬਣਾਉਣ ਦਾ ਪੁਰਸ਼ਾਰਥ ਕਰਦੇ ਹਨ। ਕਿਸੇ ਨੇ ਤਾਂ ਬਿਲਕੁਲ ਨਹੀਂ ਸਮਝਿਆ ਹੈ। ਬੇਸਮਝ ਦੇ ਬੇਸਮਝ ਹੀ ਹਨ। ਬਾਪ ਆਏ ਹੀ ਹਨ ਸਮਝਦਾਰ ਬਣਾਉਣ। ਬੱਚੇ ਸਮਝਦੇ ਹਨ ਮਾਇਆ ਦੇ ਕਾਰਨ ਅਸੀਂ ਬੇਸਮਝ ਬਣੇ ਹਾਂ। ਅਸੀਂ ਪੂਜਿਆ ਸੀ ਤਾਂ ਸਮਝਦਾਰ ਸੀ ਫਿਰ ਅਸੀਂ ਹੀ ਪੁਜਾਰੀ ਬਣ ਬੇਸਮਝ ਬਣੇ ਹਾਂ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਪਰਾਏ ਲੋਪ ਹੋ ਗਿਆ ਹੈ। ਇਸ ਦਾ ਦੁਨੀਆਂ ਵਿੱਚ ਕਿਸੇ ਨੂੰ ਪਤਾ ਨਹੀਂ ਹੈ। ਇਹ ਲਕਸ਼ਮੀ - ਨਾਰਾਇਣ ਕਿੰਨੇ ਸਮਝਦਾਰ ਸੀ, ਰਾਜ ਕਰਦੇ ਸੀ। ਬਾਪ ਕਹਿੰਦੇ ਹਨ ਤੱਤ ਤਤਵਮ। ਤੁਸੀਂ ਵੀ ਆਪਣੇ ਲਈ ਇਵੇਂ ਸਮਝੋ। ਇਹ ਬਹੁਤ - ਬਹੁਤ ਸਮਝਣ ਦੀਆਂ ਗੱਲਾਂ ਹਨ। ਸਿਵਾਏ ਬਾਪ ਦੇ ਕੋਈ ਸਮਝਾ ਨਾ ਸਕੇ। ਹੁਣ ਮਹਿਸੂਸ ਹੁੰਦਾ ਹੈ - ਬਾਪ ਹੀ ਉੱਚ ਤੇ ਉੱਚ ਸਮਝਦਾਰ ਤੇ ਸਮਝਦਾਰ ਹੋਵੇਗਾ ਨਾ। ਇੱਕ ਤਾਂ ਗਿਆਨ ਦਾ ਸਾਗਰ ਵੀ ਹੈ। ਸਰਵ ਦਾ ਸਦਗਤੀ ਦਾਤਾ ਵੀ ਹੈ। ਪਤਿਤ - ਪਾਵਨ ਵੀ ਹੈ। ਇੱਕ ਦੀ ਹੀ ਮਹਿਮਾ ਹੈ। ਇੰਨਾ ਉੱਚ ਤੇ ਉੱਚ ਬਾਪ ਆਕੇ ਬੱਚੇ - ਬੱਚੇ ਕਹਿ ਕਿਵੇਂ ਚੰਗੀ ਰੀਤੀ ਸਮਝਾਉਂਦੇ ਹਨ। ਬੱਚੇ ਹੁਣ ਪਾਵਨ ਬਣਨਾ ਹੈ। ਉਸ ਦੇ ਲਈ ਬਾਪ ਇੱਕ ਹੀ ਦਵਾਈ ਦਿੰਦੇ ਹਨ, ਕਹਿੰਦੇ ਹਨ - ਯੋਗ ਨਾਲ ਤੁਸੀਂ ਭਵਿੱਖ 21 ਜਨਮ ਨਿਰੋਗੀ ਬਣ ਜਾਵੋਗੇ। ਤੁਹਾਡੇ ਸਭ ਰੋਗ, ਦੁੱਖ ਖਤਮ ਹੋ ਜਾਣਗੇ। ਤੁਸੀਂ ਮੁਕਤੀਧਾਮ ਵਿੱਚ ਚਲੇ ਜਾਵੋਗੇ। ਅਵਿਨਾਸ਼ੀ ਸਰਜਨ ਦੇ ਕੋਲ ਇੱਕ ਹੀ ਦਵਾਈ ਹੈ। ਇੱਕ ਹੀ ਇੰਜੈਕਸ਼ਨ ਆਤਮਾ ਨੂੰ ਆ ਲਗਾਉਂਦੇ ਹਨ। ਇਵੇਂ ਨਹੀਂ ਕੋਈ ਮਨੁੱਖ ਬੈਰੀਸਟਰੀ ਵੀ ਕਰਨਗੇ, ਇੰਜਿਨਿਅਰੀ ਵੀ ਕਰਨਗੇ। ਨਹੀਂ। ਹਰ ਇੱਕ ਆਦਮੀ ਆਪਣੇ ਧੰਦੇ ਵਿੱਚ ਹੀ ਲੱਗ ਜਾਂਦੇ ਹਨ। ਬਾਪ ਨੂੰ ਕਹਿੰਦੇ ਹਨ ਆਕੇ ਪਤਿਤ ਤੋਂ ਪਾਵਨ ਬਣਾਓ ਕਿਓਂਕਿ ਪਤਿਤਪੁਣੇ ਵਿੱਚ ਦੁੱਖ ਹੈ। ਸ਼ਾਂਤੀਧਾਮ ਨੂੰ ਪਾਵਨ ਦੁਨੀਆਂ ਨਹੀਂ ਕਹਾਂਗੇ। ਸ੍ਵਰਗ ਨੂੰ ਹੀ ਪਾਵਨ ਦੁਨੀਆਂ ਕਹਾਂਗੇ। ਇਹ ਵੀ ਸਮਝਾਇਆ ਹੈ ਮਨੁੱਖ ਸ਼ਾਂਤੀ ਅਤੇ ਸੁਖ ਚਾਹੁੰਦੇ ਹਨ। ਸੱਚੀ - ਸੱਚੀ ਸ਼ਾਂਤੀ ਤਾਂ ਉੱਥੇ ਹੈ ਜਿੱਥੇ ਸ਼ਰੀਰ ਨਹੀਂ, ਉਸਨੂੰ ਕਿਹਾ ਜਾਂਦਾ ਹੈ ਸ਼ਾਂਤੀਧਾਮ। ਬਹੁਤ ਕਹਿੰਦੇ ਹਨ ਸ਼ਾਂਤੀਧਾਮ ਵਿੱਚ ਰਹੀਏ, ਪਰ ਲਾਅ ਨਹੀਂ ਹੈ । ਉਹ ਤਾਂ ਪਾਰ੍ਟਧਾਰੀ ਹੋਇਆ ਨਹੀਂ। ਬੱਚੇ ਨਾਟਕ ਨੂੰ ਵੀ ਸਮਝ ਗਏ ਹਨ। ਜੱਦ ਐਕਟਰਸ ਦਾ ਪਾਰ੍ਟ ਹੋਵੇਗਾ ਤੱਦ ਬਾਹਰ ਸਟੇਜ ਤੇ ਆਕੇ ਪਾਰ੍ਟ ਵਜਾਉਣਗੇ। ਇਹ ਬੇਹੱਦ ਦੀਆਂ ਗੱਲਾਂ ਬੇਹੱਦ ਦਾ ਬਾਪ ਹੀ ਸਮਝਾਉਂਦੇ ਹਨ। ਗਿਆਨ ਸਾਗਰ ਵੀ ਉਨ੍ਹਾਂ ਨੂੰ ਕਿਹਾ ਜਾਂਦਾ ਹੈ। ਸਰਵ ਦੇ ਸਦਗਤੀ ਦਾਤਾ ਪਤਿਤ - ਪਾਵਨ ਹੈ। ਸਰਵ ਨੂੰ ਪਾਵਨ ਬਣਾਉਣ ਵਾਲੇ ਤੱਤਵ ਨਹੀਂ ਹੋ ਸਕਦੇ। ਪਾਣੀ ਆਦਿ ਸਭ ਤੱਤਵ ਹਨ ਉਹ ਕਿਵੇਂ ਸਦਗਤੀ ਕਰਨਗੇ। ਆਤਮਾ ਹੀ ਪਾਰ੍ਟ ਵਜਾਉਂਦੀ ਹੈ। ਹਠਯੋਗ ਦਾ ਵੀ ਪਾਰ੍ਟ ਆਤਮਾ ਵਜਾਉਂਦੀ ਹੈ। ਇਹ ਗੱਲਾਂ ਵੀ ਜੋ ਸਮਝਦਾਰ ਹਨ ਉਹ ਹੀ ਸਮਝ ਸਕਦੇ ਹਨ। ਬਾਪ ਨੇ ਕਿੰਨਾ ਸਮਝਾਇਆ ਹੈ - ਕੋਈ ਅਜਿਹੀ ਯੁਕਤੀ ਰਚੋ ਜੋ ਮਨੁੱਖ ਸਮਝੇ - ਕਿਵੇਂ ਪੂਜਿਆ ਸੋ ਫਿਰ ਪੁਜਾਰੀ ਬਣਦੇ ਹਨ। ਪੂਜਿਆ ਹੈ ਨਵੀਂ ਦੁਨੀਆਂ ਵਿੱਚ, ਪੁਜਾਰੀ ਹਨ ਪੁਰਾਣੀ ਦੁਨੀਆਂ ਵਿੱਚ। ਪਾਵਨ ਨੂੰ ਪੂਜਿਆ, ਪਤਿਤ ਨੂੰ ਪੁਜਾਰੀ ਕਿਹਾ ਜਾਂਦਾ ਹੈ। ਇੱਥੇ ਤਾਂ ਸਭ ਪਤਿਤ ਹਨ ਕਿਓਂਕਿ ਵਿਕਾਰ ਤੋਂ ਪੈਦਾ ਹੁੰਦੇ ਹਨ। ਉਥੇ ਹਨ ਸ਼੍ਰੇਸ਼ਠ। ਗਾਉਂਦੇ ਵੀ ਹਨ ਸੰਪੂਰਨ ਸ਼੍ਰੇਸ਼ਠਾਚਾਰੀ। ਹੁਣ ਤੁਸੀਂ ਬੱਚਿਆਂ ਨੂੰ ਇਵੇਂ ਬਣਨਾ ਹੈ। ਮਿਹਨਤ ਹੈ। ਮੁਖ ਗੱਲ ਹੈ ਯਾਦ ਦੀ। ਸਾਰੇ ਕਹਿੰਦੇ ਹਨ ਯਾਦ ਵਿੱਚ ਰਹਿਣਾ ਬਹੁਤ ਮੁਸ਼ਕਿਲ ਹੈ। ਅਸੀਂ ਜਿੰਨਾ ਚਾਹੁੰਦੇ ਹਾਂ, ਯਾਦ ਵਿੱਚ ਰਹਿ ਨਹੀਂ ਸਕਦੇ ਹਾਂ। ਕੋਈ ਸਚਾਈ ਵਿੱਚ ਜੇਕਰ ਚਾਰਟ ਲਿਖੇ ਤਾਂ ਬਹੁਤ ਫਾਇਦਾ ਹੋ ਸਕਦਾ ਹੈ।

ਬਾਪ ਬੱਚਿਆਂ ਨੂੰ ਇਹ ਗਿਆਨ ਦਿੰਦੇ ਹਨ ਕਿ ਮਨਮਨਾਭਵ। ਤੁਸੀਂ ਅਰਥ ਸਾਹਿਤ ਕਹਿੰਦੇ ਹੋ, ਤੁਹਾਨੂੰ ਬਾਪ ਹਰ ਗੱਲ ਪੂਰੀ ਤਰ੍ਹਾਂ ਅਰਥ ਸਹਿਤ ਸਮਝਾਉਂਦੇ ਹਨ। ਬਾਪ ਤੋਂ ਬੱਚੇ ਕਈ ਪ੍ਰਕਾਰ ਦੇ ਪ੍ਰਸ਼ਨ ਪੁੱਛਦੇ ਹਨ। ਬਾਪ ਕਰਕੇ ਦਿਲ ਲੈਣ ਲਈ ਕੁਝ ਕਹਿ ਦਿੰਦੇ ਹਨ। ਪਰ ਬਾਪ ਕਹਿੰਦੇ ਹਨ ਮੇਰਾ ਕੰਮ ਹੀ ਹੈ ਪਤਿਤ ਤੋਂ ਪਾਵਨ ਬਣਾਉਣਾ। ਮੈਨੂੰ ਤਾਂ ਬੁਲਾਉਂਦੇ ਹੀ ਇਸਲਈ ਹੋ। ਤੁਸੀਂ ਜਾਣਦੇ ਹੋ ਅਸੀਂ ਆਤਮਾ ਸ਼ਰੀਰ ਸਹਿਤ ਪਾਵਨ ਸੀ। ਹੁਣ ਉਹ ਹੀ ਆਤਮਾ ਸ਼ਰੀਰ ਸਹਿਤ ਪਤਿਤ ਬਣੀ ਹੈ। 84 ਜਨਮਾਂ ਦਾ ਹਿਸਾਬ ਹੈ ਨਾ।

ਤੁਸੀਂ ਜਾਣਦੇ ਹੋ - ਹੁਣ ਇਹ ਦੁਨੀਆਂ ਕੰਡਿਆਂ ਦਾ ਜੰਗਲ ਬਣ ਗਈ ਹੈ। ਇਹ ਲਕਸ਼ਮੀ - ਨਾਰਾਇਣ ਤਾਂ ਫੁਲ ਹੈ ਨਾ। ਉਨ੍ਹਾਂ ਦੇ ਅੱਗੇ ਕੰਡੇ ਜਾਕੇ ਕਹਿੰਦੇ ਹਨ ਆਪ ਸ੍ਰਵਗੁਣ ਸੰਪੰਨ.....ਅਸੀਂ ਪਾਪੀ ਕਪਟੀ ਹਾਂ। ਸਭ ਤੋਂ ਵੱਡਾ ਕੰਡਾ ਹੈ - ਕਾਮ ਵਿਕਾਰ ਦਾ। ਬਾਪ ਕਹਿੰਦੇ ਹਨ ਇਸ ਤੇ ਜਿੱਤ ਪਹਿਣ ਜਗਤਜੀਤ ਬਣੋ। ਮਨੁੱਖ ਕਹਿੰਦੇ ਹਨ ਭਗਵਾਨ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਆਉਣਾ ਹੈ, ਭਗੀਰਥ ਤੇ ਵਿਰਾਜਮਾਨ ਹੋ ਆਉਂਦਾ ਹੈ। ਭਗਵਾਨ ਨੂੰ ਆਉਣਾ ਹੀ ਹੈ ਪੁਰਾਣੀ ਦੁਨੀਆਂ ਨੂੰ ਨਵੀਂ ਬਣਾਉਣ। ਨਵੀਂ ਦੁਨੀਆਂ ਨੂੰ ਸਤੋ ਪ੍ਰਧਾਨ, ਪੁਰਾਣੀ ਨੂੰ ਤਮੋਪ੍ਰਧਾਨ ਕਿਹਾ ਜਾਂਦਾ ਹੈ। ਜਦਕਿ ਹੁਣ ਪੁਰਾਣੀ ਦੁਨੀਆਂ ਹੈ। ਤਾਂ ਜ਼ਰੂਰ ਬਾਪ ਨੂੰ ਆਉਣਾ ਹੀ ਪਵੇ। ਬਾਪ ਨੂੰ ਹੀ ਰਚਤਾ ਕਿਹਾ ਜਾਂਦਾ ਹੈ। ਤੁਸੀਂ ਬੱਚਿਆਂ ਨੂੰ ਕਿੰਨਾ ਸਹਿਜ ਸਮਝਾਉਂਦੇ ਹਨ। ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਬਾਕੀ ਕਿਸੇ ਦਾ ਕਰਮਭੋਗ ਦਾ ਹਿਸਾਬ - ਕਿਤਾਬ ਹੈ, ਕੁਝ ਵੀ ਹੈ, ਉਹ ਤਾਂ ਭੋਗਣਾ ਹੈ, ਇਸ ਵਿੱਚ ਬਾਬਾ ਅਸ਼ੀਰਵਾਦ ਨਹੀਂ ਕਰਦੇ ਹਨ। ਮੈਨੂੰ ਬੁਲਾਉਂਦੇ ਹੀ ਹੋ - ਬਾਬਾ ਆਕੇ ਸਾਨੂੰ ਵਰਸਾ ਦੇਵੋ। ਬਾਬਾ ਤੋਂ ਕੀ ਵਰਸਾ ਪਾਉਣਾ ਚਾਹੁੰਦੇ ਹੋ? ਮੁਕਤੀ - ਜੀਵਨਮੁਕਤੀ ਦਾ। ਮੁਕਤੀ - ਜੀਵਨਮੁਤੀ ਦਾ ਦਾਤਾ ਇੱਕ ਹੀ ਗਿਆਨ ਸਾਗਰ ਬਾਪ ਹੈ ਇਸਲਈ ਉਨ੍ਹਾਂ ਨੂੰ ਗਿਆਨ ਦਾਤਾ ਕਿਹਾ ਜਾਂਦਾ ਹੈ। ਭਗਵਾਨ ਨੇ ਗਿਆਨ ਦਿੱਤਾ ਸੀ ਪਰ ਕਦੋਂ ਦਿਤਾ, ਕਿਸ ਨੇ ਦਿੱਤਾ, ਇਹ ਕਿਸੇ ਨੂੰ ਪਤਾ ਨਹੀਂ ਹੈ। ਸਾਰਾ ਮੁੰਝਾਰਾ ਇਸ ਵਿੱਚ ਹੈ। ਕਿਸੇ ਨੂੰ ਗਿਆਨ ਦਿੱਤਾ, ਇਹ ਵੀ ਕਿਸ ਨੂੰ ਪਤਾ ਨਹੀਂ ਹੈ। ਹੁਣ ਇਹ ਬ੍ਰਹਮਾ ਬੈਠੇ ਹਨ - ਇਨ੍ਹਾਂ ਨੂੰ ਪਤਾ ਪਿਆ ਹੈ ਕਿ ਮੈਂ ਸੋ ਨਾਰਾਇਣ ਸੀ ਫਿਰ 84 ਜਨਮ ਭੋਗੇ। ਇਹ ਹੈ ਨੰਬਰਵਨ ਵਿੱਚ। ਬਾਬਾ ਦੱਸਦੇ ਹਨ ਮੇਰੀ ਤਾਂ ਅੱਖ ਹੀ ਖੁਲ ਗਈ ਹੈ। ਤੁਸੀਂ ਕਹੋਗੇ ਸਾਡੀਆਂ ਤਾਂ ਅੱਖਾਂ ਹੀ ਖੁਲ ਗਈਆਂ ਹਨ। ਤੀਸਰਾ ਨੇਤਰ ਤਾਂ ਖੁਲਦਾ ਹੈ ਨਾ। ਤੁਸੀਂ ਕਹੋਗੇ ਸਾਨੂੰ ਬਾਪ ਦਾ, ਸ੍ਰਿਸ਼ਟੀ ਚੱਕਰ ਦਾ ਪੂਰਾ ਗਿਆਨ ਮਿਲ ਗਿਆ ਹੈ। ਮੈ ਜੋ ਹੂੰ, ਜਿਵੇਂ ਹਾਂ - ਮੇਰੀ ਅੱਖਾਂ ਖੁਲ ਗਈਆਂ ਹਨ। ਕਿੰਨਾ ਵੰਡਰ ਹੈ। ਅਸੀਂ ਆਤਮਾ ਫਰਸਟ ਹਾਂ ਅਤੇ ਫਿਰ ਅਸੀਂ ਆਪਣੇ ਨੂੰ ਦੇਹ ਸਮਝ ਬੈਠੇ। ਆਤਮਾ ਕਹਿੰਦੀ ਹੈ ਅਸੀਂ ਸ਼ਰੀਰ ਛੱਡ ਦੂਸਰਾ ਲੈਂਦਾ ਹਾਂ। ਫਿਰ ਵੀ ਆਪਣੇ ਨੂੰ ਆਤਮਾ ਭੁੱਲ ਦੇਹ - ਅਭਿਮਾਨੀ ਬਣ ਜਾਂਦੇ ਹਾਂ। ਇਸਲਈ ਹੁਣ ਤੁਹਾਨੂੰ ਪਹਿਲੇ - ਪਹਿਲੇ ਇਹ ਸਮਝ ਦਿੰਦਾ ਹਾਂ ਕਿ ਆਪਣੇ ਨੂੰ ਆਤਮਾ ਸਮਝ ਬੈਠੋ। ਅੰਦਰ ਵਿੱਚ ਇਹ ਘੋਟਦੇ ਰਹੋ ਕਿ ਮੈਂ ਆਤਮਾ ਹਾਂ । ਆਤਮਾ ਨਾ ਸਮਝਣ ਕਾਰਣ ਬਾਪ ਨੂੰ ਭੁੱਲ ਜਾਂਦੇ ਹੋ। ਫੀਲ ਕਰਦੇ ਹੋ ਬਰੋਬਰ ਅਸੀਂ ਘੜੀ - ਘੜੀ ਦੇਹ - ਅਭਿਮਾਨ ਵਿੱਚ ਆ ਜਾਂਦੇ ਹਾਂ। ਮਿਹਨਤ ਕਰਨੀ ਹੈ। ਇਥੇ ਬੈਠੇ ਤਾਂ ਵੀ ਆਤਮ - ਅਭਿਮਾਨੀ ਹੋਕੇ ਬੈਠੋ। ਬਾਪ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਨੂੰ ਰਾਜਾਈ ਦੇਣ ਆਇਆ ਹਾਂ। ਅੱਧਾਕਲਪ ਤੁਸੀਂ ਮੈਨੂੰ ਯਾਦ ਕੀਤਾ ਹੈ। ਕੋਈ ਵੀ ਗੱਲ ਸਾਹਮਣੇ ਆਉਂਦੀ ਹੈ ਤਾਂ ਕਹਿੰਦੇ ਹਨ ਹਾਏ ਰਾਮ, ਪਰ ਈਸ਼ਵਰ ਅਤੇ ਰਾਮ ਕੌਣ ਹੈ, ਇਹ ਕਿਸੇ ਨੂੰ ਪਤਾ ਨਹੀਂ। ਤੁਹਾਨੂੰ ਸਿੱਧ ਕਰਨਾ ਹੈ - ਗਿਆਨ ਦਾ ਸਾਗਰ, ਪਤਿਤ - ਪਾਵਨ, ਸਰਵ ਦਾ ਸਦਗਤੀ ਦਾਤਾ, ਤ੍ਰਿਮੂਰਤੀ ਪਰਮਪਿਤਾ ਪਰਮਾਤਮਾ ਸ਼ਿਵ ਹੈ। ਬ੍ਰਹਮਾ - ਵਿਸ਼ਨੂੰ - ਸ਼ੰਕਰ ਤਿੰਨਾਂ ਦਾ ਜਨਮ ਇਕੱਠਾ ਹੈ। ਸਿਰਫ ਸ਼ਿਵਜੇਯੰਤੀ ਨਹੀਂ ਹੈ ਪਰ ਬ੍ਰਹਮਾ ਨੇ ਕੀ ਕੀਤਾ। ਲੌਕਿਕ, ਪਾਰਲੌਕਿਕ ਅਤੇ ਇਹ ਹੈ ਅਲੌਕਿਕ ਬਾਪ। ਇਹ ਹੈ ਪ੍ਰਜਾਪਿਤਾ ਬ੍ਰਹਮਾ। ਬਾਪ ਕਹਿੰਦੇ ਹਨ ਨਵੀਂ ਦੁਨੀਆਂ ਦੇ ਲਈ ਇਹ ਨਵਾਂ ਗਿਆਨ ਹੁਣ ਤੁਹਾਨੂੰ ਮਿਲਦਾ ਹੈ ਫਿਰ ਪਰਾਏ ਲੋਪ ਹੋ ਜਾਂਦਾ ਹੈ। ਜਿਸ ਨੂੰ ਬਾਪ ਰਚਤਾ ਅਤੇ ਰਚਨਾ ਦਾ ਗਿਆਨ ਨਹੀਂ ਤਾਂ ਅਗਿਆਨੀ ਠਹਿਰੇ ਨਾ। ਅਗਿਆਨ ਨੀਂਦ ਵਿੱਚ ਸੁੱਤੇ ਪਏ ਹਨ। ਗਿਆਨ ਤੋਂ ਹੈ ਦਿਨ, ਭਗਤੀ ਤੋਂ ਹੈ ਰਾਤ। ਸ਼ਿਵਰਾਤਰੀ ਦਾ ਅਰਥ ਵੀ ਨਹੀਂ ਜਾਣਦੇ ਇਸਲਈ ਉਨ੍ਹਾਂ ਦੀ ਹਾਲੀ ਡੇ ਵੀ ਉੱਡਾ ਦਿੱਤੀ ਹੈ।

ਹੁਣ ਤੁਸੀਂ ਜਾਣਦੇ ਹੋ ਬਾਪ ਆਉਂਦੇ ਹੀ ਹਨ - ਸਭ ਦੀ ਜਯੋਤੀ ਜਗਾਉਣ। ਤੁਸੀਂ ਇਹ ਬੱਤੀਆਂ ਆਦਿ ਜਗਾਓਗੇ ਤਾਂ ਸਮਝਣਗੇ ਇਨ੍ਹਾਂ ਦਾ ਕੋਈ ਵੱਡਾ ਦਿਨ ਹੈ। ਹੁਣ ਤੁਸੀਂ ਜਾਣਦੇ ਹੋ ਅਰਥ ਸਹਿਤ। ਉਹ ਲੋਕ ਥੋੜੀ ਸਮਝਣਗੇ। ਤੁਹਾਡੇ ਭਾਸ਼ਣ ਤੋਂ ਪੂਰਾ ਸਮਝ ਨਹੀਂ ਸਕਦੇ। ਹੁਣ ਸਾਰੇ ਵਿਸ਼ਵ ਤੇ ਰਾਵਣ ਦਾ ਰਾਜ ਹੈ, ਇਥੇ ਤਾਂ ਮਨੁੱਖ ਕਿੰਨੇ ਦੁਖੀ ਹਨ। ਰਿਧੀ - ਸਿੱਧੀ ਵਾਲੇ ਵੀ ਬਹੁਤ ਤੰਗ ਕਰਦੇ ਹਨ। ਅਖਬਾਰਾਂ ਵਿੱਚ ਵੀ ਪੈਂਦਾ ਹੈ, ਇਨ੍ਹਾਂ ਵਿੱਚ ਇਵਿਲ ਸੋਲ ਹੈ। ਬਹੁਤ ਦੁੱਖ ਦਿੰਦੇ ਹਨ। ਬਾਬਾ ਕਹਿੰਦੇ ਹਨ ਇਨ੍ਹਾਂ ਗੱਲਾਂ ਤੋਂ ਤੁਹਾਡਾ ਕੋਈ ਕਨੈਕਸ਼ਨ ਨਹੀਂ। ਬਾਪ ਤਾਂ ਸਿਧੀ ਗੱਲ ਦੱਸਦੇ ਹਨ - ਬੱਚੇ, ਤੁਸੀਂ ਮੈਨੂੰ ਯਾਦ ਕਰੋ ਤਾਂ ਤੁਸੀਂ ਪਾਵਨ ਬਣ ਜਾਓਗੇ। ਤੁਹਾਡੇ ਸਭ ਦੁੱਖ ਦੂਰ ਹੋ ਜਾਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਚੰਗੀ ਤਰ੍ਹਾਂ ਬਾਪ ਨੂੰ ਯਾਦ ਕਰਨ ਅਤੇ ਆਤਮ - ਅਭਿਮਾਨੀ ਬਣਨ ਦੀ ਮਿਹਨਤ ਕਰਨੀ ਹੈ, ਸਚਾਈ ਨਾਲ ਆਪਣਾ ਚਾਰਟ ਰੱਖਣਾ ਹੈ, ਇਸ ਵਿੱਚ ਹੀ ਬਹੁਤ - ਬਹੁਤ ਫਾਇਦਾ ਹੈ।

2. ਸਭ ਤੋਂ ਵੱਡਾ ਦੁੱਖ ਦੇਣ ਵਾਲਾ ਕੰਡਾ ਕਾਮ ਵਿਕਾਰ ਹੈ, ਇਸ ਤੇ ਯੋਗਬਲ ਨਾਲ ਵਿਜੇ ਪ੍ਰਾਪਤ ਕਰ ਪਤਿਤ ਤੋਂ ਪਾਵਨ ਬਣਨਾ ਹੈ। ਬਾਕੀ ਕਿਸੇ ਵੀ ਗੱਲਾਂ ਨਾਲ ਤੁਹਾਡਾ ਕਨੈਕਸ਼ਨ ਨਹੀਂ।

ਵਰਦਾਨ:- ਪ੍ਰੈਕਟਿਕਲ ਜੀਵਨ ਦੁਆਰਾ ਪ੍ਰਮਾਤਮ ਗਿਆਨ ਦਾ ਪਰੂਫ ਦੇਣ ਵਾਲੇ ਧਰਮਯੁੱਧ ਵਿਚ ਵਿਜੇਈ ਭਵ।
ਹੁਣ ਧਰਮ ਯੁੱਧ ਦੀ ਸਟੇਜ ਤੇ ਆਉਣਾ ਹੈ। ਉਸ ਧਰਮ।ਯੁੱਧ ਵਿਚ ਵਿਜੇਈ ਬਣਨ ਦ ਸਾਧਨ ਹੈ ਤੁਹਡੀ ਪ੍ਰੈਕਟਿਕਲ ਜੀਵਨ ਜੀਅ ਕੀ ਪਰਮਾਤਮ ਗਿਆਨ ਦਾ ਪਰੂਫ ਹੀ ਪ੍ਰੈਕਟਿਕਲ ਜੀਵਨ ਹੈ। ਤੁਹਾਡੀ ਮੂਰਤ ਰੋ। ਗਿਆਨ ਅਤੇ ਗੁਣ ਪ੍ਰੈਕਟਿਕਲ ਵਿਚ ਵਿਖਾਈ ਦੇਣ ਕਿਉਂਕਿ ਅੱਜਕਲ ਡਿਸਕਸ ਕਰਨ ਨਾਲ ਆਪਣੀ ਮੂਰਤ ਨੂੰ ਸਿੱਧ ਨਹੀਂ ਕਰ ਸਕਦੇ ਲੇਕਿਨ ਆਪਣੀ ਪ੍ਰੈਕਟਿਕਲ ਧਾਰਨਾ ਮੂਰਤ ਨਾਲ ਇੱਕ ਸੈਕਿੰਡ ਵਿਚ ਕਿਸੇ ਨੂੰ ਵੀ ਸ਼ਾਂਤ ਕਰਵਾ ਸਕਦੇ ਹੋ।

ਸਲੋਗਨ:- ਆਤਮਾ ਨੂੰ ਉੱਜਵਲ ਬਨਾਉਣ ਦੇ ਲਈ ਪਰਮਾਤਮ ਸਮ੍ਰਿਤੀ ਨਾਲ ਮਨ ਦੀਆਂ। ਉਲਝਣਾਂ ਨੂੰ ਸਮਾਪਤ ਕਰੋ।

******

ਮਾਤੇਸ਼ਵਰੀ ਜੀ ਦੇ ਅਨਮੋਲ ਮਹਾਵਾਕ

" ਯੋਗ ਨਾਲ ਹੀ ਮੁਕਤ ਹੋਣ ਦੀ ਸ਼ਕਤੀ ਮਿਲਦੀ ਹੈ "

ਪਹਿਲੇ - ਪਹਿਲੇ ਤਾਂ ਆਪਣੇ ਨੂੰ ਇੱਕ ਮੁੱਖ ਪੁਆਇੰਟ ਖਿਆਲ ਵਿਚ ਜਰੂਰ ਰੱਖਣੀ ਹੈ, ਜਦੋਂ ਇਸ ਮਨੁੱਖ ਸ੍ਰਿਸ਼ਟੀ ਰੂਪੀ ਝਾੜ ਦਾ ਬੀਜ ਰੂਪ ਪਰਮਾਤਮਾ ਹੈ ਤਾਂ ਉਸ ਪਰਮਾਤਮਾ ਦੁਆਰਾ ਜੋ ਨਾਲੇਜ ਪ੍ਰਾਪਤ ਹੋ ਰਹੀ ਹੈ ਉਹ ਸਭ ਮਨੁੱਖਾਂ ਦੇ ਲਈ ਜਰੂਰੀ ਹੈ। ਸਭ ਧਰਮ ਵਾਲਿਆਂ ਨੂੰ ਇਹ ਨਾਲੇਂ ਲੈਣ ਦਾ ਅਧਿਕਾਰ ਹੈ। ਭਾਵੇਂ ਹਰੇਕ ਧਰਮ ਦੀ ਨਾਲੇਜ ਆਪਣੀ - ਆਪਣੀ ਹੈ, ਹਰੇਕ ਦਾ ਸ਼ਾਸਤਰ ਆਪਣਾ - ਆਪਣਾ ਹੈ, ਹਰੇਕ ਦੀ ਮਤ ਆਪਣੀ - ਆਪਣੀ ਹੈ, ਹਰੇਕ ਦਾ ਸੰਸਕਾਰ ਆਪਣਾ - ਆਪਣਾ ਹੈ ਲੇਕਿਨ ਇਹ ਨਾਲੇਜ ਸਭ ਦੇ ਲਈ ਹੈ। ਭਾਵੇਂ ਉਹ ਇਸ ਗਿਆਨ ਨੂੰ ਨਾ ਵੀ ਉੱਠਾ ਸਕੇ, ਸਾਡੇ ਘਰਾਣੇ ਵਿਚ ਵੀ ਨਾ ਆਵੇ ਲੇਕਿਨ ਸਭ ਦਾ ਪਿਤਾ ਹੋਣ ਦੇ ਕਾਰਣ ਉਨ੍ਹਾਂ ਨਾਲ ਯੋਗ ਲਗਾਉਣ ਤੇ ਫਿਰ ਵੀ ਪਵਿੱਤਰ ਜਰੂਰ ਬਣਨਗੇ। ਇਸ ਪਵਿਤਰਤਾ ਦੇ ਕਾਰਨ ਆਪਣੇ ਹੀ ਸੈਕਸ਼ਨ ਵਿਚ ਪਦਵੀ ਜਰੂਰ ਪਾਉਣਗੇ ਕਿਉਂਕਿ ਯੋਗ ਨੂੰ ਤੇ ਸਭ ਮਨੁੱਖ ਮੰਨਦੇ ਹਨ, ਬਹੁਤ ਮਨੁੱਖ ਇਵੇਂ ਕਹਿੰਦੇ ਹਨ ਸਾਨੂੰ ਵੀ ਮੁਕਤੀ ਚਾਹੀਦੀ ਹੈ, ਲੇਕਿਨ ਸਜਾਵਾਂ ਤੋਂ ਛੁੱਟ ਮੁਕਤ ਹੋਣ ਦੀ ਸ਼ਕਤੀ ਵੀ ਇਸ ਯੋਗ ਦੁਆਰਾ ਮਿਲ ਸਕਦੀ ਹੈ।

" ਅਜਪਾਜਾਪ ਮਤਲਬ ਨਿਰੰਤਰ ਈਸ਼ਵਰ ਦੀ ਯਾਦ "

ਇਹ ਜੋ ਕਹਾਵਤ ਹੈ ਸਵਾਸ - ਸਵਾਸ ਅਜਪਾਜਾਪ ਜਪਦੇ ਰਹੋ ਉਸ ਦਾ ਸਹੀ ਅਰਥ ਕੀ ਹੈ? ਜਦੋਂ ਅਸੀਂ ਕਹਿੰਦੇ ਹਾਂ ਅਜਪਾਜਾਪ ਤਾਂ ਇਸ ਦਾ ਅਸਲ ਅਰਥ ਹੈ ਜਾਪ ਦੇ ਬਿਗਰ ਸਵਾਸ - ਸਵਾਸ ਆਪਣਾ ਬੁੱਧੀਯੋਗ ਆਪਣੇ ਪਰਮਪਿਤਾ ਪਰਮਾਤਮਾ ਦੇ ਨਾਲ ਨਿਰੰਤਰ ਲਗਾਉਣਾ ਤੇ ਇਹ ਈਸ਼ਵਰੀ ਯਾਦ ਸਵਾਸ- ਸਵਾਸ ਕਾਇਮ ਚਲਦੀ ਆਉਂਦੀ ਹੈ, ਉਸ ਨਿਰੰਤਰ ਇਸ਼ਵਰੀ ਯਾਦ ਨੂੰ ਅਜਪਾਜਾਪ ਕਹਿੰਦੇ ਹਨ। ਬਾਕੀ ਕੋਈ ਮੂੰਹ ਨਾਲ ਜਾਪ ਹੋਣਾ ਮਤਲਬ ਰਾਮ - ਰਾਮ ਕਹਿਣਾ, ਅੰਦਰ ਵਿਚ ਕੋਈ ਮੰਤਰ ਉਚਾਰਨ ਕਰਨਾ, ਇਹ ਤਾਂ ਨਿਰੰਤਰ ਚਲ ਨਹੀਂ ਸਕਦਾ। ਉਹ ਲੋਕੀ ਸਮਝਦੇ ਹਨ ਅਸੀਂ ਮੂੰਹ ਨਾਲ ਮੰਤ੍ਰ ਉਚਾਰਨ ਨਹੀਂ ਕਰਦੇ ਲੇਕਿਨ ਦਿਲ ਵਿਚ ਉਚਾਰਨ ਕਰਨਾ, ਇਹ ਹੈ ਅਜਪਾਜਾਪ। ਲੇਕਿਨ ਇਹ ਤੇ ਸਹਿਜ ਇੱਕ ਵਿਚਾਰ ਦੀ ਗੱਲ ਹੈ ਜਿੱਥੇ ਆਪਣਾ ਸ਼ਬਦ ਹੀ ਅਜਪਾਜਾਪ ਹੈ, ਜਿਸ ਨੂੰ ਜਪਣ ਦੀ ਵੀ ਲੋੜ ਨਹੀਂ ਹੈ। ਆਂਤਰਿਕ ਬੈਠ ਕਿਸੇ ਮੂਰਤੀ ਦਾ ਧਿਆਨ ਵੀ ਨਹੀਂ ਕਰਨਾ ਹੈ, ਨਾ ਕੁਝ ਸਿਮਰਨ ਕਰਨਾ ਹੈ ਕਿਉਂਕਿ ਉਹ ਵੀ ਨਰੰਤਰ ਖਾਂਦੇ ਪੀਂਦੇ ਰਹਿ ਨਹੀਂ ਸਕੇਗਾ ਲੇਕਿਨ ਅਸੀ ਜੋ ਈਸ਼ਵਰ ਦੀ ਯਾਦ ਕਰਦੇ ਹਾਂ, ਉਹ ਹੀ ਨਿਰੰਤਰ ਚਲ ਸਕਦੀ ਹੈ ਕਿਉਂਕਿ ਇਹ ਬਹੁਤ ਸਹਿਜ ਹੈ। ਜਿਵੇਂ ਸਮਝੋ ਬੱਚਾ ਹੈ ਆਪਣੇ ਬਾਪ ਨੂੰ ਯਾਦ ਕਰਦਾ ਹੈ, ਤਾਂ ਉਸ ਵੇਲੇ ਬਾਪ ਦਾ ਫੋਟੋ ਸਾਮ੍ਹਣੇ ਲਿਆਉਣਾ ਨਹੀਂ ਪੈਂਦਾ ਹੈ ਲੇਕਿਨ ਮਨਸਾ - ਵਾਚਾ - ਕਰਮਣਾ ਬਾਪ ਦੇ ਸਾਰੇ ਆਕੂਪੇਸ਼ਨ, ਐਕਟੀਵਿਟੀ, ਗੁਣਾਂ ਸਮੇਤ ਯਾਦ ਆ ਜਾਂਦਾ ਹੈ ਬਸ, ਉਹ ਯਾਦ ਆਉਣ ਨਾਲ ਬੱਚੇ ਦੀ ਵੀ ਉਹ ਐਕਟ ਚਲਦੀ ਹੈ, ਤਾਂ ਹੀ ਸਨ ਸ਼ੋਜ਼ ਫਾਦਰ ਕਰਨਗੇ। ਉਵੇਂ ਹੀ ਆਪਣੇ ਨੂੰ ਵੀ ਹੋਰ ਸਭ ਦੀ ਯਾਦ ਦਿਲ ਵਿੱਚੋ ਮਿਟਾ ਕਰ, ਉਸ ਇੱਕ ਹੀ ਅਸਲੀ ਪਾਰਲੋਕਿਕ ਪਰਮਪਿਤਾ ਪਰਮਾਤਮਾ ਦੀ ਯਾਦ ਵਿੱਚ ਰਹਿਣਾ ਹੈ, ਇਸ ਵਿੱਚ ਉਠਦੇ - ਬੈਠਦੇ, ਖਾਂਦੇ - ਪੀਂਦੇ ਨਿਰੰਤਰ ਯਾਦ ਵਿੱਚ ਚਲ ਸਕਦੇ ਹਾਂ। ਉਸ ਯਾਦ ਨਾਲ ਹੀ ਕਰਮਾਤੀਤ ਬਣਦੇ ਹਨ। ਤਾਂ ਇਸ ਨੈਚੁਰਲ ਯਾਦ ਨੂੰ ਹੀ ਅਜਪਾਜਾਪ ਕਹਿੰਦੇ ਹਨ। ਅੱਛਾ - ਓਮ ਸ਼ਾਂਤੀ।

ਅਵਿਅਕਤ ਇਸ਼ਾਰੇ :- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦੁਆਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਅਭਿਆਸ ਦੀ ਪ੍ਰਯੋਗਸ਼ਾਲਾ ਵਿਚ ਬੈਠ, ਯੋਗ ਦਾ ਪ੍ਰਯੋਗ ਕਰੋ ਤਾਂ ਇੱਕ ਬਾਪ ਦਾ ਸਹਾਰਾ ਤੇ ਮਾਇਆ ਦੇ ਅਨੇਕ ਤਰ੍ਹਾਂ ਦੇ ਵਿਘਨਾਂ ਤੋਂ ਕਿਨਾਰਾ ਅਨੁਭਵ ਕਰੋਗੇ। ਹੁਣ ਗਿਆਨ ਦੇ ਸਾਗਰ, ਗੁਣਾਂ ਦੇ ਸਾਗਰ, ਸ਼ਕਤੀਆਂ ਦੇ ਸਾਗਰ ਵਿਚ ਉੱਪਰ - ਉੱਪਰ ਦੀਆਂ ਲਹਿਰਾਂ ਵਿਚ ਲਹਿਰਾਉਂਦੇ ਹੋ ਇਸਲਈ ਅਲਪਕਾਲ ਦੀ ਰੀਫਰੇਸ਼ਮੈਂਟ ਅਨੁਭਵ ਕਰਦੇ ਹੋ। ਲੇਕਿਨ ਹੁਣ ਸਾਗਰ ਦੇ ਤਲੇ ਵਿਚ ਜਾਵੋ ਤਾਂ

ਅਨੇਕ ਤਰ੍ਹਾਂ ਦੇ ਵਚਿੱਤਰ ਅਨੁਭਵ ਕਰ ਰਤਨ ਪ੍ਰਾਪਤ ਕਰੋਂਗੇ।